ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਿਤ)

ਵਿਸ਼ਾ : ਐਂਬੂਲੈਂਸ ਮਾਰੂਤੀ ਵੈਨ **(PB 11 AB 1756)** ਵੇਚਣ ਸਬੰਧੀ।

ਭਾਈ ਕਨ੍ਹੱਈਆਂ ਹੈਲਥ ਸੈਂਟਰ ਦੀ ਐਬੂਲੈਂਸ ਮਾਰੂਤੀ ਵੈਨ (PB 11 AB 1756) ਵੇਚਣ ਲ਼ਈ Quotation / Tender ਸੀਲ ਬੰਦ ਲਿਫਾਫੇ ਵਿੱਚ ਵੇਬਸਾਈਟ ਤੇ ਅੱਪਲੋਡ ਕਰਨ ਤੋਂ 21 ਦਿਨਾਂ ਦੇ ਅੰਦਰ ਅੰਦਰ ਰਜਿਸਟਰਡ ਡਾਕ / ਸਪੀਡ ਪੋਸਟ / ਕੋਰੀਅਰ ਰਾਹੀ ਸੀਨੀਅਰ ਮੈਡੀਕਲ ਅਫਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਭਾਈ ਕਨੱਈਆਂ ਹੈਲਥ ਸੈਂਟਰ ਦੇ ਦਫਤਰ ਵਿੱਚ ਪਹੁੰਚਦਾ ਹੋਣ:

- Quotation / Tender ਦੇ ਨਾਲ ਬਤੌਰ ਜਮਾਨਤੀ ਰਕਮ 5000/- ਰੁਪਏ ਦਾ ਡਿਮਾਡ ਡਰਾਫਟ / cheque ਰਜਿਸਟਰਾਰ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਨਾਮ ਤੇ ਪਟਿਆਲਾ ਵਿੱਚ ਅਦਾਇਗੀ ਯੋਗ ਹੋਵੇ ਨਾਲ ਨੱਥੀ ਕੀਤਾ ਜਾਵੇ। ਨਾਲ ਨੱਥੀ ਇਕਰਾਰਨਾਮੇ ਦਾ ਫਾਰਮ ਭਰਨਾ ਜਰੂਰੀ ਹੈ।
- Quotation / Tender ਦੇ ਨਾਲ ਪਹਿਚਾਣ ਪੱਤਰ ਅਤੇ ਰਿਹਾਇਸ ਦੇ ਸਬੂਤ ਦੀ ਕਾਪੀ ਵੀ ਨਾਲ ਨੱਥੀ ਕੀਤੀ ਜਾਵੇ।

ਸਰਤਾਂ **(Conditions)** :

1. Surveyor ਵੱਲੋ ਗੱਡੀ ਦੀ ਕੀਮਤ 52,000/- (ਬਵੰਜਾ ਹਜ਼ਾਰ ਰੁਪਏ ਕੇਵਲ) ਰੁਪਏ ਦੱਸੀ ਗਈ ਹੈ ।ਐਬੂਲ਼ੈਸ 2005 ਮਾਡਲ,ਮਾਰੂਤੀ ਉਮਨੀ ਐਬੂਲੈਂਸ ਵੈਨ (ਪੈਟਰਲ) ਹੈ।
2. ਵੇਚਣ ਤੋ ਬਾਅਦ ਗੱਡੀ ਦੀ ਜੁਮੇਵਾਰੀ ਖਰੀਦਦਾਰ ਦੀ ਹੋਵੇਗੀ।
3. ਗੱਡੀ ਦੀ ਆਰ. ਸੀ. ਦੀ ਟ੍ਰਾਂਸਫਰ / Renewal / Pollutions / Insurance / Tax ਆਦਿ ਦੀ ਜੁਮੇਵਾਰੀ ਵੀ ਖਰੀਦਦਾਰ ਦੀ ਹੀ ਹੋਵੇਗੀ। (within 3 months, RC must be transferred and the copy will be submitted to SMO office)
4. ਕਿਸੇ ਵੀ ਕਨੂੰਨੀ ਵਾਦ ਵਿਵਾਦ ਨੂੰ ਸੁਲਜਾਉਣ ਦੀ Jurisdiction ਪਟਿਆਲਾ ਸ਼ਹਿਰ ਦੀ ਹੱਦ ਵਿੱਚ ਹੋਵੇਗੀ।
5. ਪੂਰੀ ਅਦਾਇਗੀ ਤੋ ਬਾਅਦ ਹੀ ਗੱਡੀ ਖਰੀਦਾਰ ਨੂੰ ਦਿੱਤੀ ਜਾਵੇਗੀ।
6. ਪੂਰੀ ਕਾਰਵਾਈ ਤੋਂ ਬਾਅਦ ਖਰੀਦਦਾਰ ਨੂੰ ਗੱਡੀ ਇੱਕ ਹਫਤੇ ਦੇ ਵਿੱਚ ਲੈ ਕੇ ਜਾਣੀ ਪਵੇਗੀ, ਅਜਿਹਾ ਨਾ ਕਰਨ ਦੀ ਸੂਰਤ ਵਿੱਚ ਖਰੀਦਦਾਰ ਦਾ Quotation / Tender ਰੱਦ ਸਮਝਿਆ ਜਾਵੇਗਾ।
7. ਜੇਕਰ ਖਰੀਦਦਾਰ ਕਿਸੇ ਵੀ ਸਰਤ ਦੀ ਪਾਲਣਾ ਕਰਨ ਤੋਂ ਅਸਮਰਥ ਹੁੰਦਾ ਹੈ ਤਾ ਜਮਾਨਤ ਦੀ ਰਕਮ ਜਬਤ ਕਰ ਲਈ ਜਾਵੇਗੀ।
8. ਗੱਡੀ ਜਿਸ ਅਵਸਥਾ ਵਿੱਚ ਹੈ, ਉਸੇ ਹਾਲਤ ਵਿੱਚ ਹੀ ਵੇਚੀ ਜਾਵੇਗੀ।
9. ਗੱਡੀ ਕਿਸੇ ਵੀ ਕੰਮ ਕਾਜ ਵਾਲੇ ਦਿਨ ਸਵੇਰੇ 8.00 ਵਜੇਂ ਤੋਂ ਦੁਪਿਹਰ 2.00 ਵਜੇ ਤੱਕ ਭਾਈ ਕਨੱਈਆਂ ਹੈਂਲਥ ਸੈਂਟਰ ਵਿਖੇ ਵੇਖੀ ਜਾ ਸਕਦੀ ਹੈ।
10. ਮਾਨਯੋਗ ਵਾਈਸ ਚਾਂਸਲਰ ਸਾਹਿਬ ਨੂੰ ਕੋਈ ਵਜ੍ਹਾਂ ਬਿਨ੍ਹਾਂ ਬਿਆਨ ਕੀਤੇ Quotation / Tender ਨੂੰ ਮਨਜੂਰ ਜਾਂ ਨਾ ਮਨਜੂਰ ਕਰਨ ਦਾ ਅਧਿਕਾਰ ਹੋਵੇਗਾ।

# ਇਕਰਾਰ ਨਾਮਾ

ਮੈ.................ਪੁੱਤਰ ਸ੍ਰੀ....................ਰਿਹਾਇਸ਼ੀ ਪਤਾ ............................... ਰਜਿਸਟਰਾਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਾਲ ਇਕਰਾਰ ਕਰਦਾ ਹਾਂ ਕਿ ਭਾਈ ਘੱਨਈਆ ਹੈਲਥ ਸੈਂਟਰ ਦੀ ਐਬੂਲੈਂਸ ਵੈਨ ਨੰ:PB11 AB 1756 ਖਰੀਦਣ ਲਈ ਪੰਜਾਬੀ ਯੂਨੀਵਰਸਿਟੀ ਵੱਲੋਂ ਲਗਾਈਆਂ ਹੇਠ ਲਿਖਿਆਂ ਸਰਤਾਂ ਮੈਨੂੰ ਸਵੀਕਾਰ ਹਨ ਤੇ ਇਹਨ੍ਹਾਂ ਦੀ ਪਾਲਣਾ ਕਰਦੇ ਹੋਏ ਮੈ ਇਹ ਗੱਡੀ ਖਰੀਦ ਲਵਾਂਗਾ।

1. ਖਰੀਦਣ ਤੋਂ ਬਾਅਦ ਗੱਡੀ ਦੀ ਜਿਮੇਵਾਰੀ ਮੇਰੀ ਹੋਵੇਗੀ।
2. ਗੱਡੀ ਦੀ ਆਰ.ਸੀ. ਦੀ Transfer/Renewal / Pollution / Insurance/Tax ਦੀ ਜਿਮੇਵਾਰੀ ਮੇਰੀ ਹੋਵੇਗੀ।
3. ਕਿਸੇ ਵੀ ਕਾਨੂੰਨੀ ਵਾਦ ਵਿਵਾਦ ਨੂੰ ਸੁਲਝਾਂਣ ਦੀ Jursidictions ਪਟਿਆਲਾ ਸਹਿਰ ਦੀ ਹੱਦ ਵਿੱਚ ਹੋਵੇਗੀ।
4. ਪੂਰੀ ਅਦਾਇਗੀ ਉਪਰੰਤ ਇਕਰਾਰਨਾਮੇ ਦੀ ਪਾਲਣਾ ਕਰਦੇ ਹੋਏ ਮੈਂ(ਖਰੀਦਦਾਰ) ਗੱਡੀ ਮਿਤੀ ..................ਤੱਕ ਲੈ ਜਾਂਵਾਗਾ।
5. ਪੂਰੀ ਕਾਰਵਾਈ ਤੋਂ ਬਾਅਦ ਮੈਂ ਜੇਕਰ ਗੱਡੀ 7 ਦਿਨਾਂ ਦੇ ਵਿੱਚ ਨਹੀ ਲੈ ਕੇ ਜਾਂਦਾ ਮੇਰਾ ਟੈਂਡਰ/ਕੁਟੈਸ਼ਨ ਰੱਦ ਸਮਝਿਆਂ ਜਾਵੇ ਅਤੇ ਗੱਡੀ ਕਿਸੇ ਹੋਰ ਪਾਰਟੀ ਨੂੰ ਵੇਚ ਦਿਤੀ ਜਾਵੇ ਜਿਸ ਦਾ ਮੈਨੂੰ ਕੋਈ ਇਤਰਾਜ ਨਹੀ ਹੋਵੇਗਾ।
6. ਜੇਕਰ ਉਪਰੋਕਤ ਸਾਰੀਆਂ ਸ਼ਰਤਾਂ ਜਾਂ ਇਹਨਾਂ ਵਿੱਚੋ ਕਿਸੇ ਸ਼ਰਤ ਨੂੰ /ਦੀ/ਮੰਨਣ/ਪਾਲਣਾ ਕਰਨ ਤੋਂ ਅਸਮਰਥ ਰਹਾਂ ਤਾਂ ਮੇਰੇ ਵੱਲੋਂ ਜਮਾ ਕਰਵਾਈ ਗਈ ਜਮਾਨਤ ਦੀ ਰਕਮ ਜ਼ਬਤ ਕਰ ਲਈ ਜਾਵੇ ਜਿਸ ਦਾ ਮੈਨੂੰ ਕੋਈ ਇਤਰਾਜ ਨਹੀ ਹੋਵੇਗਾ।
7. ਮੇਰੇ ਵੱਲੋਂ ਦਿੱਤਾ ਟੈਂਡਰ/ਕੁਟੈਸ਼ਨ ਜੇਕਰ ਬਿਨ੍ਹਾਂ ਕਾਰਨ ਦੱਸੇ ਮਾਨਯੋਗ ਵਾਈਸ ਚਾਂਸਲਰ ਸਾਹਿਬ ਵੱਲੋਂ ਰੱਦ ਜਾਂ ਨਾਮਨਜੂਰ ਕੀਤਾ ਜਾਂਦਾ ਹੈ ਤਾਂ ਮੈਨੂੰ ਕੋਈ ਉਜਰ ਨਹੀ ਹੋਵੇਗਾ।